**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਸੇਵਾ ਵਿਖੇ

ਸਮੂਹ ਸਕੂਲ ਮੁਖੀ,
ਪੰਜਾਬ ਰਾਜ।

ਮੀਮੋ ਨੰ: SCERT/SCI/202114672

ਮਿਤੀ: 13-01-2021

**ਵਿਸ਼ਾ:-** **ਮੁੱਖ ਦਫ਼ਤਰ ਵੱਲੋਂ ਜਾਰੀ ਕੀਤੇ ਜਾਣ ਵਾਲੇ ਪੱਤਰਾਂ 'ਤੇ ਸਕੂਲ ਮੁਖੀਆਂ ਵੱਲੋਂ ਕਾਰਵਾਈ ਕਰਨ ਬਾਰੇ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਪਿਛਲੇ ਦਿਨੀਂ ਸਮੂਹ ਸਕੂਲ ਮੁਖੀਆਂ ਨਾਲ ਵੀਡੀਓ ਕਾਨਫਰੰਸ ਰਾਹੀਂ ਹੋਈ ਮੀਟਿੰਗ ਦੌਰਾਨ ਕੁਝ ਸਕੂਲ ਮੁਖੀਆਂ ਦੁਆਰਾ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਕਿ ਮੁੱਖ ਦਫ਼ਤਰ ਦੁਆਰਾ ਕੁਝ ਪੱਤਰ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਅਤੇ ਸਕੂਲ ਮੁਖੀਆਂ ਨੂੰ ਸੰਬੋਧਿਤ ਕਰਕੇ ਜਾਰੀ ਕੀਤੇ ਜਾਂਦੇ ਹਨ, ਪ੍ਰੰਤੂ ਸਕੂਲ ਮੁਖੀਆਂ ਨੂੰ ਕਈ ਵਾਰੀ ਇਸ ਗੱਲ ਬਾਰੇ ਸ਼ੰਕਾ ਰਹਿੰਦੀ ਹੈ ਕਿ ਇਨ੍ਹਾਂ ਪੱਤਰਾਂ 'ਤੇ ਜਦੋਂ ਤੱਕ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਪਿੱਠ ਅੰਕਣ (Endorsement) ਨਹੀਂ ਲਗਾਇਆ ਜਾਂਦਾ, ਉਦੋਂ ਤੱਕ ਸਕੂਲ ਮੁਖੀਆਂ ਵੱਲੋਂ ਇਨ੍ਹਾਂ ਪੱਤਰਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਣੀ ਹੈ।

**3.0** ਉਪਰੋਕਤ ਵਿਸ਼ੇ ਨੂੰ ਵਿਚਾਰਨ ਉਪਰੰਤ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਮੁੱਖ ਦਫ਼ਤਰ ਦੁਆਰਾ ਜਿਹੜੇ ਪੱਤਰ ਸਿੱਧੇ ਤੌਰ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਅਤੇ ਸਕੂਲ ਮੁਖੀਆਂ ਦੋਵਾਂ ਨੂੰ ਹੀ ਸੰਬੋਧਿਤ ਕਰਕੇ ਜਾਰੀ ਕੀਤੇ ਜਾਂਦੇ ਹਨ, ਉਨ੍ਹਾਂ ਪੱਤਰਾਂ 'ਤੇ ਕਾਰਵਾਈ ਕਰਨ ਲਈ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਦੁਆਰਾ ਵੱਖਰੇ ਤੌਰ 'ਤੇ ਪਿੱਠ ਅੰਕਣ (Endorsement) ਲਗਾਉਣ ਦੀ ਲੋੜ ਨਹੀਂ ਹੈ ਅਤੇ ਸਕੂਲ ਮੁਖੀਆਂ ਦੁਆਰਾ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਪਿੱਠ ਅੰਕਣ (Endorsement) ਲਗਾਏ ਜਾਣ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਸਕੂਲ ਮੁਖੀ ਅਜਿਹੇ ਪੱਤਰਾਂ 'ਤੇ ਲਿਖੀਆਂ ਹਦਾਇਤਾਂ/ਸੁਝਾਵਾਂ 'ਤੇ ਆਪਣੀ ਸੂਝ-ਬੂਝ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਉਣ।

**ਸਕੱਤਰ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਸਕੱਤਰ ਸਕੂਲ ਸਿੱਖਿਆ**